**"ਪ੍ਰੈਸ ਨੋਟ**

ਸਿਵਲ ਇੰਜ: ਵਿਭਾਗ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜ: ਐਂਡ ਟੈਕਨਾਲੋਜੀ ਬਠਿੰਡਾ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਵੱਲੋਂ **Career Counseling for Industrial Training** ਸਬੰਧੀ ਮਿਤੀ 26 ਅਕਤੂਬਰ, 2016 ਨੂੰ ਮਾਹਰਾਂ ਦੇ ਲੈਕਚਰ ਦਾ ਸਮਾਗਮ ਆਯੋਜਿਤ ਕਰਵਾਇਆ ਗਿਆ। ਇਸ ਸਮਾਗਮ ਨੂੰ ਮਿ: M.S.Kaushik ਨੇ ਸੰਬੋਧਿਤ ਕੀਤਾ ਜਿਨ੍ਹਾਂ ਨੇ M.tech ਦੀ ਯੋਗਤਾ ਪ੍ਰਾਪਤ ਕੀਤੀ ਹੈ ਅਤੇ ਜੋ ਕਿ ਪ੍ਰੋਫੈਸ਼ਨਲ ਕਿੱਤਾ ਸਲਾਹਕਾਰ ਅਤੇ ਇੱਕ ਪ੍ਰੇਰਕ ਬੁਲਾਰੇ ਹਨ। ਉਹਨਾਂ ਨੇ **Career Counseling for Industrial Training** ਸਬੰਧੀ ਵੱਖ ਵੱਖ ਪਹਿਲੂਆਂ ਤੇ ਚਾਨਣਾ ਪਾਇਆ ਅਤੇ **Industrial Training** ਨਾਲ ਸਬੰਧਤ ਕੋਰਸਾਂ ਦੀ ਜਾਣਕਾਰੀ ਦਿੱਤੀ ਜਿੰਨਾਂ ਦੀ ਵਿਦਿਆਰਥੀ ਆਪਣੀ 6 ਮਹਿਨਿਆਂ ਦੀ ਉਦਯੋਗਿਕ ਟਰੇਨਿੰਗ ਲਈ ਚੋਣ ਕਰ ਸਕਦੇ ਹਨ।

ਪ੍ਰੋਫੈਸਰ ਮੋਹਨ ਪਾਲ ਸਿੰਘ ਈਸ਼ਰ, ਉੱਪ ਕੁੱਲਪਤੀ (ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ) ਨੇ ਸਿਵਲ ਇੰਜ: ਵਿਭਾਗ ਨੂੰ ਵਿਦਿਆਰਥੀਆਂ ਲਈ ਇਸ ਜਾਣਕਾਰੀ ਭਰਪੂਰ ਸਮਾਗਮ ਨੂੰ ਆਯੋਜਿਤ ਕਰਵਾਉਣ ਸਬੰਧੀ ਸਰਾਹਨਾ ਕੀਤੀ।

ਪ੍ਰੋਫੈਸਰ ਮਨਜੀਤ ਬਾਂਸਲ (ਐਚ.ਓ.ਡੀ. ਸਿਵਲ ਇੰਜ: ਵਿਭਾਗ) ਵਲੋਂ ਇਸ ਉਪਰਾਲੇ ਦੀ ਸਰਾਹਨਾ ਕੀਤੀ ਗਈ ਅਤੇ ਨਾਲ ਹੀ ਉਹਨਾਂ ਕਿਹਾ ਕਿ ਮੁੱਢਲੀ ਸਿੱਖਿਆ ਦੇ ਨਾਲ ਨਾਲ ਇਸ ਤਰ੍ਹਾਂ ਦੇ ਸਮਾਗਮ ਵੀ ਵਿਦਿਆਰਥੀਆਂ ਲਈ ਬਹੁਤ ਮਹੱਤਵਪੂਰਨ ਹਨ ਤਾਂ ਜੋ ਵਿਦਿਆਰਥੀ ਆਪਣੀ ਟਰੇਨਿੰਗ ਦੌਰਾਨ ਸਹੀ ਕੋਰਸਾਂ ਦੀ ਚੋਣ ਕਰ ਸਕਣ ਅਤੇ ਕਿਹਾ ਕਿ ਭਵਿੱਖ ਵਿੱਚ ਵੀ ਵਿਦਿਆਰਥੀਆਂ ਦੇ ਲਈ ਇਸ ਤਰ੍ਹਾਂ ਦੇ ਸਮਾਗਮ ਕਰਵਾਏ ਜਾਣਗੇ। ਸਿਵਲ ਇੰਜ: ਵਿਭਾਗ ਦੇ 7ਵੇਂ ਸਮੈਸਟਰ ਦੇ ਵਿਦਿਆਰਥੀਆਂ ਅਤੇ ਅਧਿਆਪਕ ਵਰਗ ਦੇ ਮੈਂਬਰਾਂ ਵੱਲੋਂ ਇਸ ਸਮਾਗਮ ਵਿੱਚ ਹਿੱਸਾ ਲਿਆ ਗਿਆ।